**ਵਿਸਾ- ਮਾਨਯੋਗ ਸਿਹਤ ਮੰਤਰੀ ਜੀ ਦਾ ਬਠਿੰਡਾ ਅਤੇ ਅਬੋਹਰ ਵਿਖੇ ਦੌਰਾ - 9-4-2010.**

1 ਮਿਤੀ 9-4-2010 ਨੂੰ ਸਿਵਲ ਹਸਪਤਾਲ ਮਾਨਸਾ ਦਾ ਦੌਰਾ ਕੀਤਾ ਗਿਆ। ਉਥੇ 3 ਔਰਥੋ ਦੇ ਸਪੈਸਲਿਸਟ ਲੱਗੇ ਹੋਏ ਹਨ। ਜਦੋਂ ਕਿ ਉਥੇ 1 - 2 ਦੀ ਲੋੜ ਹੈ। ਇਸ ਲਈ ਉਥੇ ਸਪੈਸਲਿਸਟ ਘੱਟ ਕਰ ਦੇਣਾ ਚਾਹੀਦਾ ਹੈ। (**ਐਮ.ਡੀ.,ਪੀ.ਐਚ.ਐਸ.ਸੀ**)

2 ਮਾਨਯੋਗ ਸਿਹਤ ਮੰਤਰੀ ਜੀ ਅਤੇ ਨਿਮਨ ਹਸਤਾਖਰ ਵਲੋਂ ਕੀਤੇ ਗਏ ਦੌਰੇ ਦੌਰਾਨ ਇਹ ਗੱਲ ਵੇਖਣ ਵਿੱਚ ਆਈ ਹੈ ਕਿ ਹਸਪਤਾਲਾਂ ਦੇ ਸਾਈਨੇਜ ਨਾ ਹੋਣ ਕਾਰਨ ਬਹੁਤ ਮੁਸਕਲ ਦਾ ਸਹਮਣਾ ਕਰਨਾ ਪੈਂਦਾ ਹੈ। ਮੇਨ ਸੜਕ ਤੋਂ ਕਿਤੇ ਵੀ ਪਤਾ ਨਹੀਂ ਲਗਦਾ ਕਿ ਹਸਪਤਾਲ ਕਿਥੇ ਹੈ। ਲਗਭਗ ਮਹੀਨਾ ਅਗਸਤ, 2009 ਵਿੱਚ ਇਸ ਸਬੰਧ ਵਿੱਚ ਕਾਰਵਾਈ ਕਰਨ ਲਈ ਪੰਜਾਬ ਸਿਹਤ ਸਿਸਟਮ ਕਾਰਪੋਰੇਸਨ ਨੂੰ ਬੇਨਤੀ ਕੀਤੀ ਸੀ। ਜੋ ਤੁਰੰਤ ਕਾਰਵਾਈ ਕਰਕੇ ਇਸ ਨੂੰ ਸਿਰੇ ਚੜਾਇਆ ਜਾਵੇ। (**ਐਮ.ਡੀ.,ਪੀ.ਐਚ.ਐਸ.ਸੀ.** )

3 ਮਾਨਯੋਗ ਸਿਹਤ ਮੰਤਰੀ ਜੀ ਨੇ ਨਿਰੀਖਣ ਦੌਰਾਨ ਸਿਵਲ ਹਸਪਤਾਲ, ਅਬੋਹਰ ਵਿੱਚ ਡਾਈਲੈਸਿਸ ਮਸੀਨ, ਫੇਵਰ ਮਸੀਨ ਅਤੇ ਜਨ ਸਵਿਧਾ ਔਸਧੀਆਂ ਦੀ ਘਾਟ ਮਹਿਸੂਸ ਕੀਤੀ। ਐਮ.ਡੀ./ਪੀ.ਐਚ.ਐਸ.ਸੀ ਇਹ ਸਵਿਧਾ ਤੁਰੰਤ ਅਵੇਲੇਬਲ ਕਰਵਾਉਣ ਦੀ ਖੇਚਲ ਕਰਨ। (**ਐਮ.ਡੀ.,ਪੀ.ਐਚ.ਐਸ.ਸੀ**)

4 ਮਾਨਯੋਗ ਸਿਹਤ ਮੰਤਰੀ ਜੀ ਦੇ ਦੌਰੇ ਦੌਰਾਨ ਸ੍ਰੀ ਸੁਭਾਸ ਚੰਦਰ, ਅਤੇ ਬਲਕਾਰ ਸਿੰਘ , ਰੇਡੀਓਗ੍ਰਾਫਰਜ, ਸਿਵਲ ਹਸਪਤਾਲ, ਮਲੋਟ, ਨੇ ਮਿਲ ਕੇ ਇੱਕ ਪ੍ਰਤੀ-ਬੇਨਤੀ ਦਿੱਤੀ ਹੈ, ਜੋ ਨਾਲ ਨੱਥੀ ਹੈ। ਉਸ ਵਿੱਚ ਉਨ੍ਹਾਂ ਵਲੋਂ ਤਨਖਾਹ ਵਧਾਉਣ ਲਈ ਬੇਨਤੀ ਕੀਤੀ ਹੈ। ਇਸ ਸਬੰਧ ਵਿੱਚ ਸੁਝਾਓ ਹੈ ਕਿ ਰੇਡੀਓਗ੍ਰਾਫਰਾਂ ਦੀ ਤਨਖਾਹ , ਨੈਸਨਲ ਰੂਰਲ ਹੈਲਥ ਮਿਸਨ ਵਲੋਂ ਜੋ ਫਿਕਸ ਕੀਤੀ ਗਈ ਹੈ, ਘੱਟੋ ਘੱਟ ਉਹ ਕਰਨ ਦੀ ਕੋਸਿਸ ਕੀਤੀ ਜਾਵੇ। (**ਐਮ.ਡੀ.,ਪੀ.ਐਚ.ਐਸ.ਸੀ** )

5 ਪ੍ਰਿੰਟਿੰਗ ਲਿਟਰੇਚਰ ਜੋ ਹੇਠਾਂ ਰੱਖਿਆ ਜਾਂਦਾ ਹੈ। ਉਨ੍ਹਾਂ ਵਲੋਂ ਕਈ ਸੁਝਾਓ ਦਿੱਤੇ ਗਏ ਹਨ। ਐਮ.ਡੀ., ਪੀ.ਐਚ.ਐਸ.ਸੀ. ਇਸ ਨੂੰ ਘੋਖ ਲੈਣ ਅਤੇ ਅਤੇ ਸੁਝਾਓ ਦੇਣ ਕਿ ਸਾਨੂੰ ਇਸ ਸਬੰਧ ਵਿੱਚ ਕੀ ਕਰਨਾ ਚਾਹੀਦਾ ਹੈ। (**ਐਮ.ਡੀ.,ਪੀ.ਐਚ.ਐਸ.ਸੀ।**

6 ਮਾਨਯੋਗ ਸਿਹਤ ਮੰਤਰੀ ਜੀ ਦੇ ਸਿਵਲ ਹਸਪਤਾਲ ਗਿੱਦੜਬਾਹਾ ਦੇ ਦੌਰੇ ਦੌਰਾਨ ਡਾ: ਕੰਬੋਜ, ਆਰਥੋ ਸਪੈਸਲਿਸਟ ਨੇ ਬੇਨਤੀ ਕੀਤੀ ਕਿ ਉਨ੍ਹਾਂ ਦੀ ਪੋਸਟਿੰਗ ਮਲੋਟ ਜਿਥੇ ਉਨ੍ਹਾਂ ਦੀ ਪਤਨੀ ਗਾਇਨਾਕੌਲੋਜਿਸਟ ਲੱਗੀ ਹੋਈ ਹੈ, ਕਰ ਦਿੱਤੀ ਜਾਵੇ। ਇਸ ਸਬੰਧ ਵਿੱਚ ਉਚਿਤ ਕਾਰਵਾਈ ਕਰਕੇ ਮਾਨਯੋਗ ਸਿਹਤ ਮੰਤਰੀ ਜੀ ਨੂੰ ਜਾਣੂ ਕਰਵਾਇਆ ਜਾਵੇ। (**ਵਧੀਕ ਸਕੱਤਰ ਸਿਹਤ (ਜੀ)** )

7 ਮਾਨਯੋਗ ਸਿਹਤ ਮੰਤਰੀ ਜੀ ਦੇ ਮਿਤੀ 9-4-2010 ਨੂੰ ਸਿਵਲ ਹਸਤਾਲ ਗਿੱਦੜਬਾਹਾ ਦੇ ਦੌਰੇ ਦੌਰਾਨ ਇਹ ਵੇਖਿਆ ਗਿਆ ਕਿ ਡਾ: ਵਿਕਾਸ ਗੋਇਲ, ਐਮ.ਡੀ. ਮੈਡੀਸਨ, ਸਪੈਸਲਿਸਟ ਨਿਯੁਕਤੀ ਸਬੰਧੀ ਵੇਟਿੰਗ ਲਿਸਟ ਵਿੱਚ ਹਨ। ਉਨ੍ਹਾਂ ਦੀ ਨਿਯੁਕਤੀ ਕਰਨ ਨਾਲ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਜਾਤਾ ਤੁਰੰਤ ਜੁਆਇੰਨ ਕਰ ਸਕਦੇ ਹਨ। ਇਸ ਸਬੰਧ ਵਿੱਚ ਤੁਰੰਤ ਪੋਸਟਿੰਗ ਲਈ ਕਾਰਵਾਈ ਕੀਤੀ ਜਾਵੇ। (**ਵਧੀਕ ਸਕੱਤਰ ਸਿਹਤ (ਜੀ)**)

8 ਜਿਲ੍ਹਿਆਂ ਦੇ ਨਕਸੇ ਤਿਆਰ ਕਰਨ ਸਬੰਧੀ- ਡਿਪਟੀ ਡਾਇਰੈਕਟਰ (ਅੰਕੜਾ) ਨੂੰ ਬੇਨਤੀ ਹੈ ਕਿ ਉਹ ਸਾਰੇ ਸਿਵਲ ਸਰਜਨਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ ਨੂੰ ਆਦੇਸ ਦੇਣ ਕਿ ਜਦੋਂ ਵੀ ਮਾਨਯੋਗ ਸਿਹਤ ਮੰਤਰੀ/ ਪ੍ਰਮੁੱਖ ਸਕੱਤਰ ਸਿਹਤ ਅਤੇ ਹੋਰ ਕੋਈ ਸੀਨੀਅਰ ਅਧਿਕਾਰੀ ਦੌਰੇ ਤੇ ਜਾਂਦਾ ਹੈ, ਤਾਂ ਹਰ ਸਿਵਲ ਸਰਜਨ ਅਤੇ ਸੀਨੀਅਰ ਮੈਡੀਕਲ ਅਫਸਰ ਦੀ ਗੱਡੀ ਵਿੱਚ ਜਿਲ੍ਹਾ ਅਤੇ ਬਲਾਕ ਦਾ ਨਕਸਾ ਹੋਣਾ ਚਾਹੀਦਾ ਹੈ। (**ਸ੍ਰੀ ਗੁਲਸਨ ਜੀ,ਡਿਪਟੀ ਡਾਇਰੈਕਟਰ ਅੰਕੜਾ**)

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ
13-4-2010